ਪਿਆਰੇ ਮਾਪਿਓ, ਵਿਦਿਆਰਥੀਓ, ਸਟਾਫ ਅਤੇ ਕਮਿਊਨਿਟੀ ਦੇ ਮੈਂਬਰੋ,

17 ਮਾਰਚ ਨੂੰ ਸਾਡੀਆਂ ਵਿਦਿਅਕ ਜ਼ਿੰਦਗੀਆਂ ਵਿੱਚ ਉਦੋਂ ਇਕ ਅਣਚਿਤਵਿਆ ਮੋੜ ਆਇਆ ਜਦੋਂ ਸੂਬੇ ਨੇ ਜਮਾਤਾਂ ਵਿੱਚ ਪੜ੍ਹਾਈ ਨੂੰ ਮੁਲਤਵੀ ਕਰ ਦਿੱਤਾ। ਇਸ ਤੋਂ ਇਕ ਹਫਤਾ ਬਾਅਦ, 23 ਮਾਰਚ ਨੂੰ ਮੈਂ ਗ੍ਰੇਡ 12 ਦੇ ਵਿਦਿਆਰਥੀਆਂ ਲਈ ਆਪਣਾ ਪਹਿਲੇ ਹਫਤੇ ਦਾ ਸੁਨੇਹਾ ਤਿਆਰ ਕੀਤਾ। ਉਸ ਸਮੇਂ ਤੋਂ ਲੈ ਕੇ, ਮੈਂ ਕੁੱਲ ਮਿਲਾ ਕੇ 14 ਵੀਡੀਓ ਤਿਆਰ ਕੀਤੀਆਂ ਅਤੇ ਮਹਾਂਮਾਰੀ ਵਿੱਚ ਦੀ ਇਕੱਠਿਆਂ ਗੁਜ਼ਰਦਿਆਂ ਮੈਂ ਤੁਹਾਨੂੰ ਤਾਜ਼ੀ ਜਾਣਕਾਰੀ ਦੇਣ ਦੇ ਮੌਕੇ ਦੀ ਕਦਰ ਕਰਦਾ ਹਾਂ। ਹੁਣ ਸਾਡਾ ਸਕੂਲ ਦਾ ਰੈਗੂਲਰ ਸਾਲ ਸਰਕਾਰੀ ਤੌਰ 'ਤੇ ਖਤਮ ਹੋ ਗਿਆ ਹੈ, ਅਤੇ ਮੈਂ ਇਸ ਆਖਰੀ ਮੌਕੇ 'ਤੇ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ ਅਤੇ ਭਵਿੱਖ ਬਾਰੇ ਗੱਲ ਕਰਨੀ ਚਾਹੁੰਦਾ ਹਾਂ।

ਜਿੰਨੇ ਧੰਨਵਾਦ ਮੈਂ ਕਰ ਸਕਦਾ ਹਾਂ, ਉਸ ਤੋਂ ਕਿਤੇ ਜ਼ਿਆਦਾ ਧੰਨਵਾਦ ਕਰਨ ਵਾਲੇ ਹਨ, ਫਿਰ ਵੀ ਮੈਂ ਆਪਣੇ ਵੱਲੋਂ ਅਜਿਹਾ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗਾ। ਸਾਡੇ ਕਿਊਪੀ (CUPE) ਦੇ ਸਾਥੀਆਂ, ਜੋ ਜਨਮ ਤੋਂ ਲੈ ਕੇ 5 ਸਾਲ ਦੇ ਬਹੁਤ ਛੋਟੇ ਸਿਖਿਆਰਥੀਆਂ ਲਈ ਸਾਡੇ ਸਟਰਾਂਗ ਸਟਾਰਟ ਪ੍ਰੋਗਰਾਮ ਦੀ ਅਗਵਾਈ ਅਤੇ ਸਮਰਥਨ ਕਰਦੇ ਹਨ, ਤੋਂ ਲੈ ਕੇ ਸਾਡੇ ਬਾਲਗ ਸਿਖਿਆਰਥੀਆਂ ਨੂੰ ਪੜ੍ਹਾਉਣ ਅਤੇ ਉਨ੍ਹਾਂ ਦੀ ਸਹਾਇਤਾ ਕਰਨ ਵਾਲਿਆਂ ਤੱਕ ਸਰੀ ਦੇ ਸਕੂਲਾਂ ਵਿੱਚ 75000 ਦੇ ਕਰੀਬ ਬਹੁਤ ਹੀ ਵਿਲੱਖਣ ਅਤੇ ਵੰਨ-ਸੁਵੰਨੇ ਸਿਖਿਆਰਥੀ ਹਨ, ਜਿਹੜੇ ਅਸਲ ਵਿੱਚ ਸਾਡੀ ਗਲੋਬਲ ਕਮਿਊਨਿਟੀ ਦੀ ਨੁਮਾਇੰਦਗੀ ਕਰਦੇ ਹਨ। ਹੁਣ ਅਸੀਂ ਉਸ ਗਲੋਬਲ ਮਹਾਂਮਾਰੀ ਦੇ ਮੁਢਲੇ ਪੜਾਵਾਂ ਵਿੱਚ ਕਮਿਊਨਿਟੀ ਨੂੰ ਸਿਖਿਅਤ ਕੀਤਾ ਹੈ, ਜਿਸ ਮਹਾਂਮਾਰੀ ਨੇ ਜ਼ਿੰਦਗੀਆਂ ਲਈਆਂ ਹਨ, ਸਾਡੀ ਆਰਥਿਕਤਾ ਨੂੰ ਹਿਲਾ ਦਿੱਤਾ ਹੈ ਅਤੇ ਸਾਡੇ ਰੋਜ਼ਾਨਾ ਨਿੱਤਨੇਮ ਦੇ ਤਕਰੀਬਨ ਹਰ ਪੱਖ ਨੂੰ ਬਦਲ ਦਿੱਤਾ ਹੈ। ਸਾਨੂੰ ਇਸ ਗੱਲ ਦਾ ਵੀ ਪੂਰਾ ਗਿਆਨ ਹੈ ਕਿ ਮਹਾਂਮਾਰੀ ਦਾ ਖਾਤਮਾ ਅਜੇ ਬਹੁਤ ਦੂਰ ਦੀ ਗੱਲ ਹੈ।

ਅਸੀਂ ਸਤੰਬਰ ਲਈ ਵਿਉਂਤਾਂ ਬਾਰੇ ਵਿਸਥਾਰ ਭਰਪੂਰ ਸੁਨੇਹੇ ਦਿੰਦੇ ਰਹੇ ਹਾਂ ਅਤੇ ਤੁਸੀਂ ਉਹ ਸਾਰੀਆਂ ਵੀਡੀਓ ਅਤੇ ਲਿਖਤਾਂ, ਅਨੁਵਾਦਾਂ ਸਮੇਤ, ਸਾਡੇ ਸਰੀ ਸਕੂਲ ਦੇ ਵੈੱਬ ਪੇਜ 'ਤੇ ਦੇਖ ਸਕਦੇ ਹੋ। ਅਸੀਂ ਆਪਣੇ ਸਕੂਲਾਂ ਵਿਚਲੇ ਉਨ੍ਹਾਂ ਸਾਰੇ ਲੋਕਾਂ ਦਾ ਬਹੁਤ ਵੱਡਾ ਧੰਨਵਾਦ ਕਰਨਾ ਚਾਹੁੰਦੇ ਹਾਂ, ਜਿਨ੍ਹਾਂ ਨੇ ਇਨ੍ਹਾਂ ਜਟਿਲ ਸਮਿਆਂ ਵਿੱਚ ਆਉਣ ਵਾਲੇ ਸਤੰਬਰ ਲਈ ਕੰਮ ਕੀਤਾ, ਭਾਵੇਂ ਉਦੋਂ ਕਿਸੇ ਤਰ੍ਹਾਂ ਦੇ ਵੀ ਫੈਸਲੇ ਹੋਣ। ਅਸੀਂ ਤਿਆਰ ਹਾਂ, ਅਸੀਂ ਨਵੀਂਆਂ ਸਥਿਤੀਆਂ ਅਨੁਸਾਰ ਢਲਣ ਲਈ ਤਿਆਰ ਹਾਂ, ਅਤੇ ਵਿਸ਼ਵਾਸ ਕਰਦੇ ਹਾਂ ਕਿ ਗਰਮੀਆਂ ਵੱਲ ਵੱਧਦੇ ਹੋਏ ਅਸੀਂ ਇਕ ਵਧੀਆ ਮੁਕਾਮ 'ਤੇ ਹਾਂ।

ਹੁਣ ਸਾਡੇ ਪ੍ਰਬੰਧ ਦੇ ਇਕ ਵੱਡੇ ਹਿੱਸੇ ਲਈ ਗਰਮੀਆਂ ਦੀਆਂ ਛੁੱਟੀਆਂ ਲੈਣ ਦਾ ਵਕਤ ਆ ਗਿਆ ਹੈ, ਜਿਨ੍ਹਾਂ ਛੁੱਟੀਆਂ ਦੀ ਤੁਹਾਨੂੰ ਲੋੜ ਹੈ ਅਤੇ ਜਿਸ ਦੇ ਤੁਸੀਂ ਹੱਕਦਾਰ ਹੋ। ਵਿਦਿਆਰਥੀਆਂ, ਮਾਪਿਆਂ ਅਤੇ ਸਾਡੀ ਕਮਿਊਨਿਟੀ ਲਈ, ਹੁਣ ਸਮੂਹਿਕ ਸਾਹ ਲੈਣ ਦੀ ਛੁੱਟੀ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ ਸਕੂਲ ਜ਼ਿਲ੍ਹਾ ਖੁਦ ਗਰਮੀਆਂ ਵਿੱਚ ਨਹੀਂ ਸੌਂਦਾ। ਗਰਾਊਂਡਾਂ ਦੀ ਸੰਭਾਲ, ਉਸਾਰੀ ਦੇ ਪ੍ਰੋਜੈਕਟ, ਵਿਤੀ ਵਿਉਂਤਾਂ (ਫਾਈਨੈਂਸ਼ਿਅਲ ਪਲੈਨਿੰਗ), ਸਮਰ ਸਕੂਲ ਅਤੇ ਹੋਰ ਬਹੁਤ ਕੁਝ, ਸਰੀ ਦੇ ਸਕੂਲਾਂ ਦਾ ਕੰਮ-ਕਾਰ ਚਲਦਾ ਰਹੇਗਾ ਅਤੇ ਅਸੀਂ ਉਨ੍ਹਾਂ ਸਾਰਿਆਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਲਈ ਗਰਮੀਆਂ ਬਹੁਤ ਜ਼ਿਆਦਾ ਰੁਝੇਵੇਂ ਵਾਲੀਆਂ ਹੋਣਗੀਆਂ ਕਿਉਂਕਿ ਸਕੂਲਾਂ ਦੇ ਰੈਗੂਲਰ ਸੈਸ਼ਨ ਵਿੱਚ ਹੋਣ ਤੋਂ ਬਿਨਾਂ ਵੀ ਕੰਮ ਕੀਤਾ ਜਾ ਸਕਦਾ ਹੈ।

ਆਪਣੇ ਵਿਦਿਆਰਥੀਆਂ ਅਤੇ ਮਾਪਿਆਂ ਦੀ ਮੈਂ ਖਾਸ ਤੌਰ 'ਤੇ ਸ਼ਲਾਘਾ ਕਰਦਾ ਹਾਂ। ਤੁਹਾਡੀ ਪੜ੍ਹਾਈ ਵਿੱਚ ਵਿਘਨ ਪੈਣ ਅਤੇ ਦੋ ਮਹੀਨਿਆਂ ਦੇ ਵਕਫੇ ਦੌਰਾਨ ਦੋ ਵਾਰ ਨਵੇਂ ਸਿਰਿਓਂ ਤਬਦੀਲੀਆਂ ਕਰਨ ਲਈ ਸਾਨੂੰ ਤੁਹਾਡੇ ਧੀਰਜ ਅਤੇ ਸਮਰਥਨ ਦੀ ਲੋੜ ਸੀ ਅਤੇ ਤੁਹਾਡੇ ਵੱਲੋਂ ਕਈ ਤਰ੍ਹਾਂ ਦੇ ਨਵੇਂ ਨਿੱਤਨੇਮਾਂ ਨੂੰ ਅਪਨਾਉਣ ਦੀ ਲੋੜ ਸੀ। ਅਸੀਂ ਜਾਣਦੇ ਹਾਂ ਕਿ ਬਹੁਤੇ ਕੇਸਾਂ ਵਿੱਚ ਇਹ ਤਬਦੀਲੀਆਂ ਤੁਹਾਡੇ ਲਈ ਮੁਸ਼ਕਿਲ ਸਨ। ਸਾਡੇ ਸਹਾਇਕ ਸਟਾਫ ਦੇ ਮੈਂਬਰੋ ਅਤੇ ਅਧਿਆਪਕੋ, ਤੁਸੀਂ ਸਾਨੂੰ ਨਵੇਂ ਅਤੇ ਆਧੁਨਿਕ ਢੰਗਾਂ ਨਾਲ ਸਿੱਖਿਆ ਦੇਣੀ ਜਾਰੀ ਰੱਖਣ ਦੇ ਕਾਬਲ ਬਣਾਇਆ ਅਤੇ ਤੁਸੀਂ ਇਹ ਤੇਜ਼ੀ ਨਾਲ ਕੀਤਾ। ਅਤੇ ਹਾਂ ਨਵੇਂ ਢੰਗਾਂ, ਨਵੇਂ ਸੰਦਾਂ ਅਤੇ ਨਵੇਂ ਨਿੱਤਨੇਮਾਂ ਨੂੰ ਸਿੱਖਣ ਦੀ ਮੰਗ ਇਕ ਵੱਡੀ ਮੰਗ ਸੀ ਅਤੇ ਤੁਸੀਂ ਇਸ ਦਾ ਹੁੰਗਾਰਾ ਭਰਿਆ ਹੈ। ਸਾਡੇ ਪ੍ਰਿੰਸੀਪਲ ਅਤੇ ਉੱਪ-ਪ੍ਰਿੰਸੀਪਲ ਸਾਹਿਬਾਨ- ਲੀਡਰਸ਼ਿੱਪ ਹਰ ਸਮੇਂ ਇਕ ਚੁਣੌਤੀ ਹੁੰਦੀ ਹੈ ਅਤੇ ਤੁਹਾਡੀ ਲੀਡਰਸ਼ਿੱਪ ਅਤੇ ਪ੍ਰਤੀਬੱਧਤਾ ਅਸਧਾਰਣ ਸੀ। ਸਿਸਟਮ ਨੂੰ ਚਲਦਾ ਅਤੇ ਤਿਆਰ ਰੱਖਣ ਲਈ ਅਗਵਾਈ ਅਤੇ ਸਮਰਥਨ ਦੇਣ ਲਈ ਲਗਾਤਾਰ ਤਰੀਕੇ ਲੱਭਣ ਵਾਲੇ ਸਾਡੇ ਜ਼ਿਲ੍ਹੇ ਦੇ ਸਟਾਫ ਨੇ ਸ਼ਾਨਦਾਰ ਸਮਰਥਨ ਪ੍ਰਦਾਨ ਕੀਤਾ ਹੈ। ਅਖੀਰ ਵਿੱਚ ਸਾਡੇ ਬੋਰਡ ਆਫ ਐਜੂਕੇਸ਼ਨ ਦੇ ਮੈਂਬਰੋ, ਤੁਸੀਂ ਲੋਕਾਂ ਨਾਲ ਆਮ ਢੰਗਾਂ ਨਾਲ ਮਿਲਣ ਦੇ ਅਯੋਗ ਹੁੰਦਿਆਂ, ਆਨਲਾਈਨ ਪ੍ਰਬੰਧ ਕਰਦਿਆਂ ਆਪਣੇ ਸਾਰੇ ਫਰਜ਼ਾਂ ਨੂੰ ਆਮ ਵਾਂਗ ਨਿਭਾਇਆ, ਤੁਹਾਡੇ ਲਈ ਵੀ ਇਹ ਸਭ ਕੁਝ ਸਿੱਖਣ ਲਈ ਨਵਾਂ ਸੀ ਅਤੇ ਇਸ ਲਈ ਤੁਸੀਂ ਵਧਾਈ ਦੇ ਹੱਕਦਾਰ ਹੋ।

ਜੁਲਾਈ ਦੇ ਪਹਿਲੇ ਹਫਤੇ ਅਤੇ ਭਵਿੱਖ ਵੱਲ ਦੇਖਦਿਆਂ, ਕਿਰਪਾ ਕਰਕੇ ਇਹ ਜਾਣ ਲਉ ਕਿ ਆਉਣ ਵਾਲੇ ਕਿਸੇ ਵੀ ਤਰ੍ਹਾਂ ਦੇ ਸਮੇਂ ਲਈ ਅਸੀਂ ਤਿਆਰ ਹਾਂ, ਅਤੇ ਅਜਿਹੇ ਸਮੇਂ ਵਿੱਚ ਜਿੱਥੇ ਕੋਵਿਡ-19 ਸਾਨੂੰ ਰੋਜ਼ਾਨਾ ਯਾਦ ਕਰਵਾਉਂਦਾ ਹੈ ਕਿ ਉਹ ਅਜੇ ਵੀ ਮੌਜੂਦ ਹੈ, ਪੱਤਝੜ ਵੱਲ ਜਾਂਦਿਆਂ ਸਾਨੂੰ ਇਕ ਵਾਰ ਫਿਰ ਤੁਹਾਡੇ ਧੀਰਜ ਅਤੇ ਸਮਰਥਨ ਦੀ ਲੋੜ ਹੋਵੇਗੀ। ਜ਼ਿਲ੍ਹੇ ਵੱਲੋਂ ਅਸੀਂ ਤੁਹਾਡੇ ਲਈ ਬਹੁਤ ਵਧੀਆ ਅਤੇ ਆਰਾਮਦਾਇਕ ਗਰਮੀਆਂ ਦੀ ਕਾਮਨਾ ਕਰਦੇ ਹਾਂ ਅਤੇ ਸਤੰਬਰ ਵਿੱਚ ਤੁਹਾਨੂੰ ਸਕੂਲ ਵਿੱਚ ਵਾਪਸ ਦੇਖਣ ਲਈ ਤਾਂਘਦੇ ਹਾਂ।